# ਸ਼ੁਲਕ/ਟੈਰਿਫ ਸ਼ੀਟ ਦਾ ਸ਼ੈਡਿਊਲ

## 01 ਦਸੰਬਰ 2025 ਤੋਂ ਲਾਗੂ

| ਸੀ. ਨੰ. | ਸ਼ੁਲਕ ਦਾ ਪ੍ਰਕਾਰ | ਰਕਮ ^ | ਮਹੱਤਵਪੂਰਣ ਟਿੱਪਣੀਆਂ |
|---|---|---|---|
| 01 | ਗੈਰ-ਵਾਪਸੀਯੋਗ ਲਾਗ-ਇਨ ਫੀਸ/ਸ਼ੁਰੂਆਤੀ ਪੈਸੇ ਡਿਪਾਜ਼ਿਟ (IMD) | ₹ 5000 ਤੱਕ/- | ਰਕਮ ਦਾ ਭੁਗਤਾਨ ਡਿਸਬਰਸਮੈਂਟ ਤੋਂ ਪਹਿਲਾਂ ਜਾਂ ਪਹਿਲੇ ਡਿਸਬਰਸਮੈਂਟ ਤੋਂ ਐਡਜਸਟ ਕੀਤਾ ਜਾਵੇਗਾ, ਗਾਹਕ ਦੀ ਸਹਿਮਤੀ ਦੇ ਅਧੀਨ ਅਤੇ ਰਿਣਦਾਤਾ ਦੇ ਵਿਕਲਪ 'ਤੇ, ਇੱਕ ਜਾਂ ਵੱਧ ਕਿਸ਼ਤਾਂ ਵਿੱਚ ਕੀਤਾ ਜਾਵੇਗਾ |
| 02 | ਗੈਰ-ਵਾਪਸੀਯੋਗ ਪ੍ਰੋਸੈਸਿੰਗ ਫੀਸ ਅਤੇ ਪ੍ਰਬੰਧਕੀ ਸ਼ੁਲਕ | ਸੈਂਕਸ਼ਨ ਕੀਤੀ ਲੋਨ ਰਕਮ ਦਾ 2.50% ਤੱਕ, ਪ੍ਰੋਸੈਸਿੰਗ ਫੀਸ ਦੇ ਰੂਪ ਵਿੱਚ ਨਿਮਨਤਮ ₹2000/- ਦੇ ਅਧੀਨ. | ਰਿਣਦਾਤਾ ਦੇ ਵਿਕਲਪ 'ਤੇ ਇੱਕ ਜਾਂ ਇੱਕ ਤੋਂ ਵੱਧ ਕਿਸ਼ਤਾਂ ਵਿੱਚ ਅੱਪਫ੍ਰੰਟ ਭੁਗਤਾਨਯੋਗ ਜਾਂ ਗਾਹਕ ਦੀ ਬੇਨਤੀ ਦੇ ਅਨੁਸਾਰ ਡਿਸਬਰਸਮੈਂਟ ਦੀ ਰਕਮ ਵਿੱਚੋਂ ਕੱਟਿਆ ਜਾਵੇਗਾ |
| 03 | ਗੈਰ-ਵਾਪਸੀਯੋਗ ਸਟੈਂਪ ਡਿਊਟੀ ਅਤੇ ਦਸਤਾਵੇਜ਼ ਰਜਿਸਟਰੇਸ਼ਨ ਸ਼ੁਲਕ | ਸੰਬੰਧਿਤ ਪ੍ਰਦੇਸ਼ ਕਾਨੂੰਨਾਂ ਦੇ ਅਨੁਸਾਰ, ਅਜਿਹੇ ਭੁਗਤਾਨ ਦੀ ਤਾਰੀਖ 'ਤੇ ਲਾਗੂ ਦਰਾਂ 'ਤੇ ਅਸਲ ਭੁਗਤਾਨਯੋਗ. | ਰਕਮ ਦਾ ਭੁਗਤਾਨ ਡਿਸਬਰਸਮੈਂਟ ਤੋਂ ਪਹਿਲਾਂ ਜਾਂ ਪਹਿਲੇ ਡਿਸਬਰਸਮੈਂਟ ਤੋਂ ਐਡਜਸਟ ਕੀਤਾ ਜਾਵੇਗਾ, ਗਾਹਕ ਦੀ ਸਹਿਮਤੀ ਦੇ ਅਧੀਨ ਅਤੇ ਰਿਣਦਾਤਾ ਦੇ ਵਿਕਲਪ 'ਤੇ, ਇੱਕ ਜਾਂ ਇੱਕ ਤੋਂ ਵੱਧ ਕਿਸ਼ਤਾਂ ਵਿੱਚ ਅਤੇ ਹਰੇਕ ਸੰਬੰਧਿਤ ਦਸਤਾਵੇਜ਼ 'ਤੇ ਲਾਗੂ ਹੋਣ 'ਤੇ ਕੀਤਾ ਜਾਵੇਗਾ |
| 04 | ਲੋਨ ਦਾ ਕੈਂਸੀਲੇਸ਼ਨ ਜਾਂ ਰੀ-ਬੁਕਿੰਗ | ਕੈਂਸੀਲੇਸ਼ਨ ਜਾਂ ਰੀ-ਬੁਕਿੰਗ ਦਾ ₹5000/- ਪ੍ਰਤੀ ਮਾਮਲੇ 'ਤੇ | ਕੈਂਸੀਲੇਸ਼ਨ ਜਾਂ ਰੀ-ਬੁਕਿੰਗ ਕਰਨ ਦੀ ਬੇਨਤੀ ਦੇ ਨਾਲ ਅੱਪਫ੍ਰੰਟ ਭੁਗਤਾਨਯੋਗ. |
| 05 | ਅਦਾਇਗੀ ਸਾਧਨ/ਮੈਂਡੇਟ ਬਾਊਂਸ ਸ਼ੁਲਕ (ਚੈੱਕ, ACH, ECS, E-Nach ਆਦਿ) | ₹ 600/- | ਪ੍ਰਤੀ ਇੰਸਟਰੂਮੈਂਟ/ਮੈਂਡੇਟ ਪ੍ਰਤੀ ਮਾਮਲੇ ਸ਼ੁਲਕ ਲਗਾਇਆ ਗਿਆ |

| | | | |
|---|---|---|---|
| 06 | ਓਵਰਡਿਊ ਕਿਸ਼ਤ 'ਤੇ ਵਿਆਜ | ਓਵਰਡਿਊ ਕਿਸ਼ਤਾਂ 'ਤੇ ਵਿਆਜ ਨਿਯਤ ਤਾਰੀਖ ਤੋਂ ਸੁਧਾਰ ਦੀ ਤਾਰੀਖ ਤੱਕ ਭੁਗਤਾਨ ਨਹੀਂ ਕੀਤੀ ਗਈ ਰਕਮ 'ਤੇ ਲਗਾਇਆ ਜਾਵੇਗਾ ਅਤੇ ਕਿਸ਼ਤ ਜਾਂ ਉਸ ਦੇ ਕਿਸੇ ਵੀ ਹਿੱਸੇ ਦੀ ਮੁੜ ਅਦਾਇਗੀ ਵਿੱਚ ਅਜਿਹੇ ਡਿਫਾਲਟ ਦੇ ਸਮੇਂ ਪ੍ਰਚਲਿਤ ਸੰਬੰਧਿਤ ਲੋਨ ਦੀ ਲਾਗੂ ਵਿਆਜ ਦਰ 'ਤੇ ਵਸੂਲ ਕੀਤਾ ਜਾਵੇਗਾ | ਇਹ ਵਿਆਜ ਕੰਪਾਉਂਡ ਨਹੀਂ ਕੀਤਾ ਜਾਵੇਗਾ. |
| 07 | ਬਕਾਇਆ ਰਕਮ ਦੇ ਭੁਗਤਾਨ ਵਿੱਚ ਦੇਰੀ ਲਈ ਜੁਰਮਾਨਾ ਸ਼ੁਲਕ | 24% ਪ੍ਰਤੀ ਸਾਲ ਅਰਥਾਤ, ਬਕਾਇਆ ਰਕਮ/EMI/ਕਿਸ਼ਤ/ਪ੍ਰੀ-EMI ਦੇ ਭੁਗਤਾਨ ਵਿੱਚ ਦੇਰੀ/ਡਿਫਾਲਟ ਦੇ ਹਰ ਮਹੀਨੇ ਲਈ ਓਵਰਡਿਊ/ਡਿਫਾਲਟ ਰਕਮ ਦਾ 2% | ਜੁਰਮਾਨਾ ਸ਼ੁਲਕ ਓਵਰਡਿਊ ਕਿਸ਼ਤ 'ਤੇ ਵਿਆਜ ਤੋਂ ਇਲਾਵਾ ਹੋਣਗੇ. |
| 08 | ਫਲੋਟਿੰਗ ਤੋਂ ਫਿਕਸਡ ਵਿਆਜ ਦਰ ਵਿੱਚ ਸਵਿੱਚ ਕਰਨ ਲਈ ਸ਼ੁਲਕ ਅਤੇ ਇਸ ਦੇ ਉਲਟ; ਜਾਂ ਲੋਨ ਦੀ ਮੁੜ-ਕੀਮਤ | ਬਕਾਇਆ ਮੂਲਧਨ ਰਕਮ 'ਤੇ 3% ਤੱਕ | ਇਹ ਵਿਆਜ-ਦਰ ਸਵਿੱਚ ਜਾਂ ਲੋਨ ਦੀ ਮੁੜ-ਕੀਮਤ ਦੇ ਹਰੇਕ ਮਾਮਲੇ 'ਤੇ ਲਿਆ ਜਾਵੇਗਾ |
| 09 | ਅੰਸ਼ਕ ਭੁਗਤਾਨ ਸ਼ੁਲਕ ਅਤੇ ਪ੍ਰੀ-ਪੇਮੇਂਟ/ ਫੋਰਕਲੋਜ਼ਰ ਸ਼ੁਲਕ (ਬੰਦ ਕਰਨ ਵੇਲੇ ਬਕਾਇਆ ਮੂਲਧਨ ਰਕਮ 'ਤੇ ਲਾਗੂ) | *ਕਿਰਪਾ ਕਰਕੇ ਇਸ ਟੈਰਿਫ ਸ਼ੀਟ/ਸ਼ੁਲਕਾਂ ਦੇ ਸ਼ੈਡਿਊਲ (SOC) ਵਿੱਚ ਹੇਠਾਂ ਜੋੜੇ ਗਏ ਅੰਸ਼ਕ ਭੁਗਤਾਨ ਅਤੇ ਪੂਰਵ-ਭੁਗਤਾਨ/ਫੋਰਕਲੋਜ਼ਰ ਸ਼ੁਲਕ ਲਈ ਟੇਬਲ ਦੇਖੋ. | ਡੂਅਲ ਰੇਟ ਲੋਨ ਲਈ (ਸ਼ੁਰੂਆਤੀ ਅਵਧੀ ਅਤੇ ਫਿਰ ਫਲੋਟਿੰਗ ਲਈ ਫਿਕਸਡ), ਫੋਰਕਲੋਜ਼ਰ/ਅੰਸ਼ਕ ਭੁਗਤਾਨ ਸ਼ੁਲਕ ਫੋਰਕਲੋਜ਼ਰ/ਅੰਸ਼ਕ ਭੁਗਤਾਨ ਦਿਨ ਦੇ ਅਨੁਸਾਰ ਲੋਨ 'ਤੇ ਸਥਿਤੀ (ਫਿਕਸਡ/ਫਲੋਟਿੰਗ) ਦੇ ਅਨੁਸਾਰ ਲਾਗੂ ਹੋਣਗੇ. |
| 10 | ਮੁੜ-ਭੁਗਤਾਨ ਇੰਸਟਰੂਮੈਂਟ ਸਵੈਪ ਫੀਸ ਮੁੜ ਅਦਾਇਗੀ ਇੰਸਟਰੂਮੈਂਟ/NACH ਨੂੰ ਬਦਲਣ ਲਈ | ₹ 500/- | ਸਵੈਪਿੰਗ ਦੀ ਹਰੇਕ ਘਟਨਾ ਲਈ ਪ੍ਰਤੀ ਇੰਸਟਰੂਮੈਂਟ ਰਕਮ ਦਾ ਸ਼ੁਲਕ ਲਿਆ ਜਾਵੇਗਾ |
| 11 | ਅਕਾਊਂਟ ਸਟੇਟਮੈਂਟ ਜਾਰੀ ਕਰਨ ਲਈ ਸ਼ੁਲਕ | ₹ 500/- ਪ੍ਰਤੀ ਸਟੇਟਮੈਂਟ | ਗਾਹਕ ਹਰ ਤਿਮਾਹੀ ਵਿੱਚ ਇੱਕ ਵਾਰ ਮੁਫਤ ਅਕਾਊਂਟ ਸਟੇਟਮੈਂਟ ਦਾ ਹੱਕਦਾਰ ਹੋਣਗੇ. |

| | | | |
|---|---|---|---|
| | | | ਇੱਕ ਤਿਮਾਹੀ ਵਿੱਚ ਅਕਾਊਂਟ ਸਟੇਟਮੈਂਟ ਜਾਰੀ ਕਰਨ ਦੀ ਕਿਸੇ ਵੀ ਅਤਿਰਿਕਤ ਬੇਨਤੀ ਲਈ ਸ਼ੁਲਕ ਲਗਾਇਆ ਜਾਵੇਗਾ |
| 12 | ਵਿਆਜ ਸਟੇਟਮੈਂਟ, NOC, ਫੋਰਕਲੋਜ਼ਰ ਲੈਟਰ, ਵੈਲਕਮ ਲੈਟਰ, ਐਮੋਰਟਾਈਜ਼ੇਸ਼ਨ ਸ਼ੈਡਿਊਲ ਅਤੇ ਲੋਨ ਐਗਰੀਮੈਂਟ ਸਮੇਤ ਦਸਤਾਵੇਜ਼ਾਂ ਦੀਆਂ ਡੁਪਲੀਕੇਟ ਕਾਪੀਆਂ ਜਾਰੀ ਕਰਨ ਲਈ ਲਾਗੂ ਸ਼ੁਲਕ, ਸਿਵਾਏ ਜਿੱਥੇ ਸਾਲਾਨਾ ਸਟੇਟਮੈਂਟ ਜਾਰੀ ਕੀਤੀ ਜਾਂਦੀ ਹੈ ਜਾਂ ਜਿੱਥੇ ਲੋਨ ਐਗਰੀਮੈਂਟ ਦੀ ਕਾਪੀ ਡਿਸਬਰਸਮੈਂਟ ਵੇਲੇ ਵੈਲਕਮ ਲੈਟਰ ਨਾਲ ਪ੍ਰਦਾਨ ਕੀਤੀ ਗਈ ਸੀ. | ਈ-ਮੇਲ ਜਾਂ ਡਿਜ਼ੀਟਲ ਲਿੰਕ ਰਾਹੀਂ ਸ਼ੇਅਰ ਕੀਤੀ ਸਾਫਟ ਕਾਪੀ ਲਈ ₹250/- ਅਤੇ<br>ਕਿਸੇ ਵੀ ਦਸਤਾਵੇਜ਼ ਦੀ ਹਾਰਡ ਕਾਪੀ ਜਾਰੀ ਕਰਨ ਲਈ ₹550/- | ਅਜਿਹੇ ਕਿਸੇ ਵੀ ਦਸਤਾਵੇਜ਼ ਨੂੰ ਜਾਰੀ ਕਰਨ ਦੀ ਬੇਨਤੀ ਦੇ ਨਾਲ ਸ਼ੁਲਕ ਲਗਾਏ ਜਾਣਗੇ ਅਤੇ ਅੱਗੇ ਭੁਗਤਾਨਯੋਗ ਹੋਣਗੇ. |
| 13 | ਦਸਤਾਵੇਜ਼ ਦੀ ਸੂਚੀ (LOD) ਜਾਰੀ ਕਰਨ ਲਈ ਸ਼ੁਲਕ | ₹ 500/- | LOD ਜਾਰੀ ਕਰਨ ਦੇ ਹਰ ਮੌਕੇ 'ਤੇ ਸ਼ੁਲਕ ਲਾਗ ਹੋਣਗੇ |
| 14 | ਫੋਰਕਲੋਜ਼ਰ ਲੈਟਰ (FCL) ਜਾਰੀ ਕਰਨ ਲਈ ਸ਼ੁਲਕ | ₹ 500/- | ਲਾਗੂ ਸ਼ੁਲਕ ਦੇ ਭੁਗਤਾਨ ਦੀ ਤਾਰੀਖ ਤੋਂ 21 ਦਿਨਾਂ ਦੇ ਅੰਦਰ FCL ਜਾਰੀ ਕੀਤਾ ਜਾਵੇਗਾ. FCL ਜਾਰੀ ਕਰਨ ਦੇ ਹਰ ਮਾਮਲੇ ਤੇ ਸ਼ੁਲਕ ਲਾਗੂ ਹੋਣਗੇ |
| 15 | ਗਾਹਕ ਕਲੈਕਸ਼ਨ ਵਿਜ਼ਿਟ ਸ਼ੁਲਕ (ਓਵਰਡਿਊ ਰਕਮ ਦੀ ਰਿਕਵਰੀ ਲਈ) | ₹ 500/- | ਗਾਹਕ ਵਲੋਂ ਪੁਸ਼ਟੀ ਕੀਤੇ ਗਏ ਨਿਵਾਸ ਜਾਂ ਦਫਤਰ ਜਾਂ ਕਿਸੇ ਹੋਰ ਸਥਾਨ ਤੋਂ ਬਕਾਇਆ ਰਕਮ ਪ੍ਰਾਪਤ ਕਰਨ ਲਈ ਪ੍ਰਤੀ ਵਿਜ਼ਿਟ 'ਤੇ ਸ਼ੁਲਕ ਲਾਗੂ ਹੋਣਗੇ. |
| 16 | CERSAI ਬਣਾਉਣ ਲਈ ਸ਼ੁਲਕ | ₹5 ਲੱਖ ਤੱਕ ਦੀ ਲੋਨ ਰਕਮ ਲਈ ₹50/- ਨਾਲ<br>ਅਤੇ<br>₹5 ਲੱਖ ਤੋਂ ਵੱਧ ਦੀ ਲੋਨ ਰਕਮ ਲਈ ₹100/- | ਇਹ CERSAI ਪੋਰਟਲ 'ਤੇ ਰਿਣਦਾਤਾ ਦੇ ਪੱਖ ਵਿੱਚ ਸ਼ੁਲਕ ਬਣਾਉਣ ਲਈ ਲਾਗੂ ਹੁੰਦੇ ਹਨ |
| 17 | 90 ਦਿਨਾਂ ਦੇ ਅੰਦਰ KYC-OVD ਜਮ੍ਹਾਂ ਨਾ ਕਰਨ ਲਈ ਸ਼ੁਲਕ (ਜਿੱਥੇ D-OVD ਡਿਸਬਰਸਲ 'ਤੇ ਸਬਮਿਟ ਕੀਤਾ ਗਿਆ ਸੀ). | ₹ 500/- ਪ੍ਰਤੀ ਮਹੀਨਾ | ਇਹ ਸ਼ੁਲਕ OVD ਜਮ੍ਹਾਂ ਕਰਨ ਲਈ ਆਗਿਆ ਦਿੱਤੀ ਗਈ ਸਮੇਂ-ਸੀਮਾ ਤੋਂ ਬਾਹਰ ਦੇਰੀ ਦੇ ਪ੍ਰਤੀ ਮਹੀਨਾ ਲਗਾਇਆ ਜਾਵੇਗਾ ਅਤੇ ਸੁਧਾਰ ਦੀ ਤਾਰੀਖ ਤੋਂ ਅਗਲੇ ਕੈਲੰਡਰ ਮਹੀਨੇ ਤੋਂ ਬੰਦ ਕਰ ਦਿੱਤੇ ਜਾਣਗੇ |

| | | | |
|---|---|---|---|
| 18 | ਬਕਾਇਆ ਰਕਮ ਦੀ ਵਸੂਲੀ ਲਈ ਕੀਤੇ ਗਏ ਕਾਨੂੰਨੀ ਅਤੇ ਹੋਰ ਆਕਸਮਿਕ ਖਰਚਿਆਂ ਲਈ ਸ਼ੁਲਕ | ਅਸਲ ਵਿੱਚ | ਅਸਲ ਵਿੱਚ ਕੀਤੇ ਗਏ ਸਾਰੇ ਖਰਚੇ ਗਾਹਕਾਂ ਤੋਂ ਲਏ ਜਾਣਗੇ |
| 19 | ਟਾਈਟਲ ਦਸਤਾਵੇਜ਼/ਸੁਰੱਖਿਆ ਪੂਰਨਤਾ ਦਸਤਾਵੇਜ਼ / MODT / MOE/ ਮੌਰਗੇਜ ਡੀਡ/ RC ਸ਼ੁਲਕ ਬਣਾਉਣ ਲਈ ਸ਼ੁਲਕ, ਜਿੱਥੇ ਵੀ ਲਾਗੂ ਹੁੰਦਾ ਹੈ ਅਤੇ/ਜਾਂ ਡਿਸਬਰਸਮੈਂਟ ਤੋਂ ਬਾਅਦ ਦੇ ਕਿਸੇ ਹੋਰ ਦਸਤਾਵੇਜ਼ (PDD) ਨੂੰ ਸਬਮਿਟ ਨਾ ਕਰਨ ਲਈ ਸ਼ੁਲਕ | ਦੇਰੀ ਦਾ ਪ੍ਰਤੀ ਮਹੀਨਾ ₹3000/- | ਡਿਸਬਰਸਮੈਂਟ ਦੀ ਪਹਿਲੀ ਤਾਰੀਖ ਤੋਂ ਪਹਿਲਾਂ ਗਾਹਕ ਵਲੋਂ ਜਾਰੀ ਕੀਤੇ ਗਏ ਅਤੇ ਸਵੀਕਾਰ ਕੀਤੇ ਗਏ PDD ਲੈਟਰ ਦੇ ਅਨੁਸਾਰ ਸਬਮਿਟ ਕਰਨ ਦੀ ਟ੍ਰਿਗਰ ਤਾਰੀਖ/ਨਿਯਤ ਤਾਰੀਖ ਤੋਂ ਬਾਅਦ ਸ਼ੁਲਕ ਲਾਗੂ ਹੋਣਗੇ.<br><br>ਇਹ ਸ਼ੁਲਕ ਸੁਧਾਰ ਦੀ ਤਾਰੀਖ ਤੋਂ ਬਾਅਦ ਅਗਲੇ ਕੈਲੰਡਰ ਮਹੀਨੇ ਤੋਂ ਬੰਦ ਕਰ ਦਿੱਤਾ ਜਾਵੇਗਾ. |

***ਫੋਰਕਲੋਜ਼ਰ/ਅੰਸ਼ਕ ਭੁਗਤਾਨ ਸ਼ੁਲਕ ਲਾਗੂ***

| **ਲੋਨ ਦਾ ਪ੍ਰਕਾਰ** | **ਲੋਨ ਦੇ ਫੋਰਕਲੋਜ਼ਰ 'ਤੇ ਲਾਗੂ ਸ਼ੁਲਕ** | **ਲੋਨ ਰਕਮ ਦੇ ਅੰਸ਼ਕ ਭੁਗਤਾਨ 'ਤੇ ਲਾਗੂ ਸ਼ੁਲਕ** |
|---|---|---|
| ਵਿਅਕਤੀਗਤ ਹਾਊਸਿੰਗ ਲੋਨ<br>(ਫਲੋਟਿੰਗ ROI) | ਸਿਫਰ | ਸਿਫਰ |
| ਵਿਅਕਤੀਗਤ ਹਾਊਸਿੰਗ ਲੋਨ<br>(ਫਿਕਸਡ ROI) | 1. ** ਆਪਣੇ ਫੰਡ - ਸਿਫਰ<br>2. ਬੈਂਕ/HFC/NBFC ਅਤੇ/ਜਾਂ ਕਿਸੇ ਹੋਰ ਵਿੱਤੀ ਸੰਸਥਾ ਤੋਂ ਉਧਾਰ ਲਏ ਗਏ ਫੰਡ ਨਾਲ ਬੰਦ ਕਰਨਾ - ਭੁਗਤਾਨ ਦੀ ਤਾਰੀਖ ਨੂੰ ਬਕਾਇਆ ਮੂਲਧਨ ਦਾ 4.00%. | ਸਿਫਰ |
| ਨਾਨ-ਹਾਊਸਿੰਗ ਲੋਨ<br>ਬਿਜ਼ਨੈਸ ਦਾ ਉਦੇਸ਼<br>(ਫਲੋਟਿੰਗ ROI) | * ਭੁਗਤਾਨ ਦੀ ਤਾਰੀਖ ਨੂੰ ਬਕਾਇਆ ਮੂਲਧਨ ਦਾ 4.00%. | * ਅੰਸ਼ਕ ਭੁਗਤਾਨ ਦੇ ਰੂਪ ਵਿੱਚ ਭੁਗਤਾਨ ਕੀਤੀ ਗਈ ਰਕਮ ਦਾ 4.00% |
| ਨਾਨ-ਹਾਊਸਿੰਗ ਲੋਨ<br>ਹੋਰ ਉਦੇਸ਼<br>(ਫਲੋਟਿੰਗ ROI) | ਸਿਫਰ | ਸਿਫਰ |
| ਨਾਨ-ਹਾਊਸਿੰਗ ਲੋਨ<br>ਬਿਜ਼ਨੈਸ ਦਾ ਉਦੇਸ਼ | * ਭੁਗਤਾਨ ਦੀ ਤਾਰੀਖ ਨੂੰ ਬਕਾਇਆ ਮੂਲਧਨ ਦਾ 4.00%. | * ਅੰਸ਼ਕ ਭੁਗਤਾਨ ਦੇ ਰੂਪ ਵਿੱਚ ਭੁਗਤਾਨ ਕੀਤੀ ਗਈ ਰਕਮ ਦਾ 4.00% |

| | | |
|---|---|---|
| (ਫਿਕਸਡ ROI) | | |
| ਨਾਨ-ਹਾਊਸਿੰਗ ਲੋਨ<br>ਹੋਰ ਉਦੇਸ਼<br>(ਫਿਕਸਡ ROI) | * ਭੁਗਤਾਨ ਦੀ ਤਾਰੀਖ ਨੂੰ ਬਕਾਇਆ ਮੂਲਧਨ ਦਾ 4.00%. | * ਅੰਸ਼ਕ ਭੁਗਤਾਨ ਦੇ ਰੂਪ ਵਿੱਚ ਭੁਗਤਾਨ ਕੀਤੀ ਗਈ ਰਕਮ ਦਾ 4.00% |

*ਲਾਗੂ ਹੋਣ ਵਾਲੇ ਟੈਕਸ ਪੂਰਵ-ਭੁਗਤਾਨ ਸ਼ੁਲਕ ਤੋਂ ਇਲਾਵਾ ਭੁਗਤਾਨਯੋਗ ਹੋਣਗੇ

** ਉਦੇਸ਼ ਲਈ "ਆਪਣੇ ਫੰਡ" ਦਾ ਅਰਥ ਹੈ ਬੈਂਕ/HFC/NBFC ਅਤੇ/ਜਾਂ ਕਿਸੇ ਹੋਰ ਵਿੱਤੀ ਸੰਸਥਾ ਤੋਂ ਉਧਾਰ ਲੈਣ ਤੋਂ ਇਲਾਵਾ ਕੋਈ ਹੋਰ ਸਰੋਤ.

**ਧਿਆਨ ਦਿਓ:**

1. ਉਪਰੋਕਤ ਸੂਚੀਬੱਧ ਸ਼ੁਲਕ ਸੰਕੇਤਕ ਹਨ ਅਤੇ ਕੰਪਨੀ ਵਲੋਂ ਸਮੇਂ-ਸਮੇਂ 'ਤੇ ਸੰਸ਼ੋਧਿਤ ਕੀਤੇ ਜਾ ਸਕਦੇ ਹਨ. ਤੁਹਾਡੇ 'ਤੇ ਲਾਗੂ ਹੋਣ ਵਾਲੇ ਕਿਸੇ ਵੀ ਬਦਲਾਵ ਨੂੰ ਪਹਿਲਾਂ ਹੀ ਸੂਚਿਤ ਕੀਤਾ ਜਾਵੇਗਾ.

2. ਗਾਹਕਾਂ ਨੂੰ ਸ਼ੁਲਕਾਂ ਦੇ ਸ਼ੈਡਿਊਲ ਵਿੱਚ ਅੱਪਡੇਟ ਲਈ ਜਾਂ ਦਿੱਤੀ ਗਈ ਤਾਰੀਖ 'ਤੇ ਲਾਗੂ ਸ਼ੁਲਕਾਂ ਦੀ ਪੁਸ਼ਟੀ ਕਰਨ ਲਈ ਸਮੇਂ-ਸਮੇਂ 'ਤੇ ਕੰਪਨੀ ਦੀ ਵੈੱਬਸਾਈਟ ਚੈੱਕ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ.

3. ^ ਉਪਰੋਕਤ ਸ਼ੁਲਕਾਂ 'ਤੇ ਕੋਈ ਵੀ ਲਾਗੂ ਟੈਕਸ (GST ਸਮੇਤ) ਜਾਂ ਵੈਧਾਨਿਕ ਲੇਵੀ ਅਜਿਹੇ ਲਗਾਉਣ ਦੀ ਤਾਰੀਖ ਨੂੰ ਪ੍ਰਚਲਿਤ ਦਰਾਂ 'ਤੇ ਵੱਖਰੇ ਤੌਰ 'ਤੇ ਲਾਗੂ ਕੀਤੀ ਜਾਵੇਗੀ ਅਤੇ ਗੈਰ-ਵਾਪਸੀਯੋਗ ਹੋਵੇਗੀ.

4. ਇਹ ਸ਼ੁਲਕ ਲੋਨ ਟ੍ਰਾਂਜ਼ੈਕਸ਼ਨ ਦਸਤਾਵੇਜ਼ਾਂ ਵਿੱਚ ਨਿਰਧਾਰਿਤ ਹੋਰ ਨਿਯਮ, ਸ਼ਰਤਾਂ ਅਤੇ ਕੋਵਨੈਂਟ ਤੋਂ ਇਲਾਵਾ ਹਨ, ਜਿਸ ਵਿੱਚ ਸੈਂਕਸ਼ਨ ਲੈਟਰ, KFS ਅਤੇ ਲੋਨ ਐਗਰੀਮੈਂਟ ਸ਼ਾਮਲ ਹਨ ਪਰ ਇਨ੍ਹਾਂ ਤੱਕ ਸੀਮਿਤ ਨਹੀਂ ਹਨ.